# ਅਨੁਵਾਦਕਾਂ ਵੱਲੋਂ

ਸੰਸਾਰ ਦੇ ਪ੍ਰਾਚੀਨ ਧਰਮਾਂ ਵਿੱਚੋਂ ਜੈਨ ਧਰਮ ਇੱਕ ਪ੍ਰਾਚੀਨ ਧਰਮ ਹੈ। ਜਿਸ ਦੀ ਅਪਣੀ ਵੱਖਰੀ ਪਹਿਚਾਨ, ਸੰਸਕ੍ਰਿਤੀ, ਭਾਸ਼ਾ, ਸਿਧਾਂਤ, ਦਰਸ਼ਨ, ਇਤਿਹਾਸ ਅਤੇ ਧਰਮ ਗ੍ਰੰਥਾਂ ਦੀ ਲੰਬੀ ਪ੍ਰੰਪਰਾ ਹੈ। ਜੈਨ ਧਰਮ ਦਾ ਇੱਕ ਮੁੱਖ ਸਿਧਾਂਤ ਹੈ ਅਨੈਕਾਂਤਵਾਦ, ਜਿਸ ਦਾ ਅਰਥ ਹੈ ਕਿ ਜੋ ਮੈਂ ਆਖਦਾ ਹਾਂ ਉਹ ਹੀ ਆਖਰੀ ਸੱਚ ਨਹੀਂ ਹੈ। ਸੱਚ ਬੋਹੁ ਪੱਖੀ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਇੱਕ ਵਿਅਕਤੀ ਇਕੋ ਸਮੇਂ ਕਿਸੇ ਦਾ ਭਾਈ ਹੈ, ਕਿਸੇ ਇਸਤਰੀ ਦਾ ਪਤੀ ਹੈ ਅਤੇ ਕਿਸੇ ਦਾ ਦੋਸਤ ਹੈ। ਹਰ ਵਿਅਕਤੀ ਇਕੋ ਸਮੇਂ ਭਿੰਨ ਭਿੰਨ ਵਿਅਕਤੀਆਂ ਨਾਲ ਅੱਡ ਅੱਡ ਰਿਸ਼ਤੇ ਰੱਖਦਾ ਹੈ ਇਸੇ ਪ੍ਰਕਾਰ ਅਨੈਕਾਂਤਵਾਦ ਦਾ ਸਿਧਾਂਤ **ਹੀ** ਦੀ ਥਾਂ ਤੇ **ਵੀ** ਵਿੱਚ ਵਿਸ਼ਵਾਸ ਰੱਖਦਾ ਹੈ।

ਰਿਸ਼ਿ ਭਾਸ਼ਿਤ ਸੂਤਰ ਇਸ ਦਾ ਇੱਕ ਜਿਉਂਦਾ ਜਾਗਦਾ ਉਦਾਹਰਨ ਹੈ ਜਿਸ ਵਿੱਚ ਜੈਨ ਰਿਸ਼ਿਆਂ ਤੋਂ ਛੁੱਟ ਬ੍ਰਾਹਮਣ ਅਤੇ ਬੁੱਧ ਪ੍ਰੰਪਰਾ ਦੇ ਰਿਸ਼ਿਆਂ ਦੀ ਬਾਣੀ ਦਰਜ ਕੀਤੀ ਗਈ ਹੈ। ਇਹ ਅਨੈਕਾਂਤਵਾਦ ਦਾ ਇੱਕ ਸੁੰਦਰ ਤਜਰਬਾ ਹੈ।

ਰਿਸ਼ਿ ਭਾਸ਼ਿਤ ਸੂਤਰ ਦੀ ਭਾਸ਼ਾ ਪ੍ਰਾਚੀਨ ਅਰਧਮਾਘਧੀ ਪ੍ਰਾਕ੍ਰਿਤ ਹੈ। ਇਹ ਭਾਸ਼ਾ ਪ੍ਰਾਚੀਨ ਆਗਮ ਸੂਤਰਕ੍ਰਿਤਾਂਗ ਦੇ ਨਾਲ ਕਾਫੀ ਮਿਲਦੀ ਜੁਲਦੀ ਹੈ। ਸਥਾਨੰਗ ਸੂਤਰ ਅਨੁਸਾਰ ਇਸ ਗ੍ਰੰਥ ਦੇ 44 ਅਧਿਐਣ ਹਨ। ਪੱਛਮੀ ਵਿਚਾਰਕ ਡਾ: ਸੁਬਰਿੰਗ ਦੇ ਅਨੁਸਾਰ 45ਵਾਂ ਅਧਿਐਣ ਬਾਅਦ ਵਿੱਚ ਜੋੜਿਆ ਗਿਆ ਹੈ। ਆਗਮਕਾਰ ਨੇ ਹਰ ਰਿਸ਼ਿ ਨੂੰ ਅਰਹਤ ਰਿਸ਼ਿ ਭਾਸ਼ਿਤ ਦੇ ਸੰਬੋਧਨ ਦੇ ਨਾਲ ਨਾਲ ਉਸ ਦੀ ਪ੍ਰੰਪਰਾ ਦਾ ਵਰਨਣ ਵੀ ਕਰ

ਦਿੱਤਾ ਹੈ। ਇਸ ਵਿੱਚ ਮਹਾਤਮਾ ਬੁੱਧ, ਮੰਖਲੀ ਪੁੱਤਰ, ਅੰਬੜਪ੍ਰੀਵਰਾਜਕ, ਵਰਧਮਾਨ ਅਤੇ ਪਾਰਸ਼ ਦੇ ਇਤਿਹਾਸ਼ਕ ਨਾਓ ਵਰਨਣ ਯੋਗ ਹਨ।

ਸੰਗ੍ਰਿਹਣੀ ਸੂਤਰ ਅਨੁਸਾਰ ਇਸ ਵਿੱਚ 45 ਪਰਤੇਕ ਬੁਧਾਂ ਦੀ ਬਾਣੀ ਦਰਜ ਹੈ। ਇਹ ਰਿਸ਼ਿ ਮੁਨੀ 22ਵੇਂ ਤੀਰਥੰਕਰ ਅਰਿਸ਼ਟਨੇਮੀ, ਭਗਵਾਨ ਪਾਰਸ਼ਨਾਥ ਅਤੇ ਵਰਧਮਾਨ ਮਹਾਂਵੀਰ ਸਮੇਂ ਹੋਏ ਹਨ। ਰਿਸ਼ਿ ਭਾਸ਼ਿਤ ਇਕ ਪੁਰਾਤਨ ਗ੍ਰੰਥ ਹੈ ਜਿਸ ਦਾ ਵਰਨਣ ਸਥਾਨਗ ਸੂਤਰ ਤੋਂ ਛੁੱਟ ਨੰਦੀ ਸੂਤਰ ਵਿੱਚ ਵਿਸਤਾਰ ਨਾਲ ਮਿਲਦਾ ਹੈ।

ਹੱਥਲਾ ਅਨੁਵਾਦ:

ਲੰਬੇ ਸਮੇਂ ਤੋਂ ਇਸ ਗ੍ਰੰਥ ਦਾ ਅਨੁਵਾਦ ਕਿਸੇ ਵਿਦਵਾਨ ਨੇ ਨਹੀਂ ਕੀਤਾ ਸੀ। ਫਿਰ ਪ੍ਰਸ਼ਿੱਧ ਜੈਨ ਮੁਨੀ ਜਿਨ ਵਿਜੈ ਨੇ ਇਸ ਦੇ ਪਾਠ ਦਾ ਸੰਕਾਲਨ ਕੀਤਾ ਡਾ: ਸੁਬਰਿੰਗ ਨੇ ਇਸ ਗ੍ਰੰਥ ਤੇ ਵਿਸਤਾਰ ਨਾਲ ਟੀਕਾ ਲਿਖੀ ਉਹਨਾਂ ਇਸ ਗ੍ਰੰਥ ਦੀ ਸੰਸਕ੍ਰਿਤ ਟੀਕਾ ਤੇ ਵੀ ਕੰਮ ਕੀਤਾ ਹੈ, ਜੋ ਸੰਸਾਰ ਪ੍ਰਸਿੱਧ ਹੈ। ਇਸ ਗ੍ਰੰਥ ਦਾ ਹਿੰਦੀ, ਗੁਜਰਾਤੀ ਅਨੁਵਾਦ ਟੀਕਾ ਸਮੇਤ ਮੰਤਰੀ ਸ੍ਰੀ ਸੁਭਾਗ ਮੁਨੀ ਜੀ ਦੇ ਚੇਲੇ ਸ਼੍ਰੀ ਮਨੋਹਰ ਮੁਨੀ ਸ਼ਾਸ਼ਤਰੀ ਜੀ ਨੇ ਵਿਸਥਾਰ ਨਾਲ ਕੀਤਾ ਅਤੇ ਪੰਡਤ ਨਰਾਇਣ ਰਾਮ ਅਚਾਰਿਆ ਨੇ ਇਸ ਗ੍ਰੰਥ ਨੂੰ ਸੋਧ ਕੇ ਸੁਧਰਮਾ ਗਿਆਨ ਮੰਦਰ 170, ਕਾਂਨਦਾਵਾੜੀ ਬੰਬਈ ਤੋਂ ਛਪਵਾਇਆ। ਇਹ ਅਨੁਵਾਦ ਦੀਵਾਲੀ ਵਾਲੇ ਦਿਨ 1963 ਨੂੰ ਪ੍ਰਕਾਸ਼ਤ ਹੋਇਆ।

ਇਸ ਗ੍ਰੰਥ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਅਸੀਂ ਇਸ ਗ੍ਰੰਥ ਦਾ ਪੰਜਾਬੀ ਅਨੁਵਾਦ ਕੀਤਾ ਹੈ। ਜਿਸ ਦਾ ਆਧਾਰ ਸ਼੍ਰੀ ਮਨੋਹਰ ਮੁਨੀ ਜੀ ਦਾ ਹਿੰਦੀ, ਗੁਜਰਾਤੀ ਟੀਕਾ ਹੈ। ਗ੍ਰੰਥ ਵਿੱਚ ਰਹਿਆਂ ਹਰ ਪ੍ਰਕਾਰ ਦੀਆਂ ਗਲਤੀਆਂ ਲਈ ਅਸੀਂ ਵਿਦਵਾਨਾਂ ਤੋਂ ਖਿਮਾਂ ਮੰਗਦੇ ਹਾਂ ਅਤੇ ਆਸ ਕਰਦੇ ਹਾਂ

ਕਿ ਉਹ ਸਾਨੂੰ ਇਸ ਗ੍ਰੰਥ ਵਿੱਚ ਸੁਧਾਰ ਕਰਨ ਲਈ ਸੁਝਾਉ ਦੇਣਗੇ ਜੋ ਅਸੀਂ ਅਗਲੇ ਅਡਿਸ਼ਨ ਵਿੱਚ ਇਸਤਮਾਲ ਕਰਾਂਗੇ।

ਧੰਨਵਾਦ:

ਅਸੀਂ ਸ਼੍ਰੀ ਵਿਨੋਦ ਦਰਿਆਪੁਰ ਇੰਚਾਰਜ ਜੈਨ ਵਰਲਡ ਦੇ ਵੀ ਧੰਨਵਾਦੀ ਹਾਂ ਕਿ ਜਿਹਨਾਂ ਪੰਜਾਬੀ ਜੈਨ ਸਾਹਿਤ ਨੂੰ ਅਪਣੀ ਵੈਬ ਸਾਇਟ ਤੇ ਯੋਗ ਸਥਾਨ ਦਿਤਾ ਹੈ ਜਿਸ ਰਾਹੀਂ ਪੰਜਾਬੀ ਜੈਨ ਸਾਹਿਤ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਅਸੀਂ ਸੁਨੀਲ ਦੇਸ਼ ਮਣੀ ਸ਼ੋਲਾਪੁਰ ਦੇ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਅਸੀਂ ਅਪਣੇ ਛੋਟੇ ਵੀਰ *ਸ਼੍ਰੀ ਮੁਹੰਮਦ ਸ਼ੱਬੀਰ (ਜ਼ੁਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ)* ਦੇ ਵੀ ਧੰਨਵਾਦੀ ਹਾਂ ਜਿਹਨਾਂ ਅਪਣਾ ਵਿਸ਼ੇਸ਼ ਧਿਆਨ ਅਤੇ ਸਹਿਯੋਗ ਇਸ ਪ੍ਰਕਾਸ਼ਨ ਵਿੱਚ ਦਿੱਤਾ ਹੈ।

ਆਸ਼ੀਰਵਾਦ:

ਸਾਨੂੰ ਪੰਜਾਬੀ ਜੈਨ ਸਾਹਿਤ ਲਈ ਆਚਾਰਿਆ ਸ਼੍ਰੀ ਆਨੰਦ ਰਿਸ਼ੀ ਜੀ, ਆਚਾਰਿਆ ਸ਼੍ਰੀ ਦੇਵੇਂਦਰ ਮੁਨੀ ਜੀ, ਆਚਾਰਿਆ ਸ਼੍ਰੀ ਸ਼ੁਸ਼ੀਲ ਕੁਮਾਰ ਜੀ, ਆਚਾਰਿਆ ਸ਼੍ਰੀ ਤੁਲਸੀ ਜੀ, ਆਚਾਰਿਆ ਸ਼੍ਰੀ ਮਹਾਂ ਪ੍ਰਗੀਆ ਜੀ, ਆਚਾਰਿਆ ਸ਼੍ਰੀ ਵਿਜੈਇੰਦਰ ਦਿਨ ਸ਼ੂਰੀ, ਆਚਾਰਿਆ ਸ਼੍ਰੀ ਨਿਤਿੱਆ ਨੰਦ ਸ਼ੂਰੀ ਜੀ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਡਾ: ਸ਼ਿਵ ਮੁਨੀ ਜੀ ਦੇ ਆਸ਼ੀਰਵਾਦ ਪ੍ਰਾਪਤ ਰਹੇ ਹਨ। ਇਸ ਤੋਂ ਛੁਟ ਆਚਾਰਿਆ ਮਹਾਂ ਪ੍ਰਗੀਆ ਦੇ

ਚੈਲੇ ਸਵਰਗੀ ਸ਼੍ਰੀ ਵਰਧਮਾਨ ਜੀ ਅਤੇ ਸ਼੍ਰੀ ਜੈ ਚੰਦ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਸਾਧਵੀਆਂ ਵਿੱਚ ਪੰਜਾਬੀ ਜੈਨ ਸਾਹਿਤ ਪ੍ਰੇਰਕਾ ਜੈਨ ਜਯੋਤੀ ਉਪ ਪ੍ਰਵਰਤਨੀ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ, ਉਹਨਾਂ ਦੀ ਵਿਦਵਾਨ ਚੇਲੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਅਤੇ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹਨਾਂ ਦਾ ਆਸ਼ਿਰਵਾਦ ਬਣਿਆ ਰਹੇਗਾ।

ਸ਼ੁਭ ਚਿੰਤਕ:

11/10/2007 ਪੁਰਸ਼ੋਤਮ ਜੈਨ, ਰਵਿੰਦਰ ਜੈਨ

ਮੰਡੀ ਗੋਬਿੰਦਗੜ੍ਹ ਅਨੁਵਾਦਕ